**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਨੰ.ਪਸਸਬ/ਸਕਾਲਰਸ਼ਿਪ/2289

ਮਿਤੀ. 12/8/25

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ
2. ਸਮੂਹ ਜਿਲ੍ਹਾ ਮੈਨੇਜਰ,ਖੇਤਰੀ ਦਫਤਰ

ਵਿਸ਼ਾ:- ਰਾਜ ਯੋਗਤਾ ਵਜੀਫਾ ਸਕੀਮ ਸਟੇਟ ਸਕਾਲਰਸ਼ਿਪ ਸਕੀਮ ਅਧੀਨ ਮਾਰਚ 2025 ਦੇ ਵਜੀਫਾ ਫਾਰਮ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪਣੇ ਅਧੀਨ ਆਉਂਦੀਆਂ ਸਮੂਹ ਸੰਸਥਾਵਾਂ ਦੇ ਸਕੂਲ ਮੁਖੀਆਂ ਅਤੇ ਪ੍ਰਿੰਸੀਪਲਜ਼ ਨੂੰ ਜਾਣੂ ਕਰਵਾਇਆ ਜਾਵੇ ਕਿ ਬਾਰ੍ਹਵੀਂ ਪ੍ਰੀਖਿਆ ਮਾਰਚ 2025 ਵਿੱਚ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਕਾਲਰਸ਼ਿਪ ਦਾ ਲਾਭ ਲੈਣ ਲਈ ਨਿਰਧਾਰਿਤ ਫਾਰਮ/ਹਦਾਇਤਾਂ ਬੋਰਡ ਦੀ ਵੈਬ ਸਾਈਟ www.pseb.ac.in/en ਤੋਂ ਡਾਊਨ ਲੋਡ ਕਰਕੇ ਫਾਰਮ ਹਰ ਪੱਖੋਂ ਮੁਕੰਮਲ ਕਰਨ/ਤਸਦੀਕ ਕਰਵਾਉਣ ਉਪਰੰਤ ਇਸ ਫਾਰਮ ਦੀ ਹਾਰਡ ਕਾਪੀ ਮੁੱਖ ਦਫਤਰ ਸੁਪਰਡੰਟ (ਸਕਾਲਰਸ਼ਿਪ) ਬੀ-ਬਲਾਕ ਪਹਿਲੀ ਮੰਜਿਲ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ.ਨਗਰ (160062) ਨੂੰ ਮਿਤੀ. 10/09/2025 ਤੱਕ ਦਸਤੀ ਜਾਂ ਡਾਕ ਰਾਹੀਂ ਭੇਜੇ ਜਾਣ।

ਜਰੂਰੀ ਨੋਟ: ਦਫਤਰ ਵੱਲੋਂ ਡਾਕ ਰਾਹੀ ਵੱਖਰੇ ਤੌਰ ਤੇ ਸਟੇਟ ਸਕਾਲਰਸ਼ਿਪ ਫਾਰਮ ਨਹੀਂ ਭੇਜੇ ਜਾਣਗੇ।

ਸੁਪਰਡੰਟ (ਸਕਾਲਰਸ਼ਿਪ)
ਪੰਜਾਬ ਸਕੂਲ ਸਿੱਖਿਆ ਬੋਰਡ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ) ਬਠਿੰਡਾ

ਪਿੱਠ ਅੰਕਣ ਨੰ: ਜੀ-5/1(8)/2025/160 ਮਿਤੀ: 20-08-2025

12/8/25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ)
ਬਠਿੰਡਾ
20/8/25

Scanned with OKEN Scanner